**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ: 0172-2623206, 2623207**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ),
ਪੰਜਾਬ।
ਮੀਮੋ ਨੰ:-ਡੀ.ਜੀ.ਐਸ.ਈ/ਆਰ.ਟੀ.ਈ/2011/ 90749-68
ਮਿਤੀ: ਚੰਡੀਗੜ੍ਹ 08/11/2011

**ਵਿਸ਼ਾ:- ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੋਲਾਨਾ ਅਬੁਲ ਕਲਾਮ ਆਜਾਦ ਦੇ ਜਨਮ ਦਿਵਸ ਮਿਤੀ 11.11.2011 ਦੇ ਮੌਕੇ "ਸਿੱਖਿਆ ਦਾ ਅਧਿਕਾਰ" ਆਰੰਭ ਕਰਨ ਬਾਰੇ।**

ਇਸ ਦਫਤਰ ਦੇ ਮੀਮੋਂ ਨੰਬਰ ਡੀ.ਜੀ.ਐਸ.ਈ/ਆਰ.ਟੀ.ਈ/2011/90501-20 ਮਿਤੀ 04.11.2011 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਹਵਾਲੇ ਅਧੀਨ ਪੱਤਰ ਰਾਹੀਂ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਮਾਨਵ ਸੰਸਾਧਨ ਮੰਤਰੀ ਜੀ ਦਾ ਸੰਦੇਸ਼ ਪਹਿਲਾਂ ਹੀ ਭੇਜਿਆ ਜਾ ਚੁਕਿਆ ਹੈ ਅਤੇ ਹੁਣ ਆਪ ਨੂੰ ਮਾਨਯੋਗ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਜੀ ਦੇ ਸੰਦੇਸ਼ ਵੀ ਭੇਜੇ ਜਾ ਰਹੇ ਹਨ। ਕਿਰਪਾ ਕਰਕੇ ਇਹ ਸੰਦੇਸ਼ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੋਲਾਨਾ ਅਬੁਲ ਕਲਾਮ ਆਜਾਦ ਦੇ ਜਨਮ ਦਿਵਸ ਮਿਤੀ 11.11.2011 ਦੇ ਮੌਕੇ ਜਦੋਂ ਕਿ ਸਮੂਹ ਭਾਰਤ ਵਿੱਚ "ਸਿੱਖਿਆ ਦਾ ਅਧਿਕਾਰ" ਮੁਹਿਮ ਦਾ ਆਰੰਭ ਕੀਤਾ ਜਾਣਾ ਹੈ ਹਰੇਕ ਸਕੂਲ ਦੇ ਵਿੱਚ ਸਵੇਰ ਦੀ ਪ੍ਰਾਥਨਾ ਦੇ ਸਮੇਂ ਲੋਕਾਂ ਦੇ ਚੁਣੇ ਹੋਏ ਪ੍ਰਤੀਨਿੱਧੀਆਂ, ਸਕੂਲ ਮੈਨਜਮੈਂਟ ਕਮੇਟੀ/ਪਸਵਕ ਕਮੇਟੀ, ਨਗਰਪਾਲਿਕਾ, ਪੰਚਾਇਤ, ਸਥਾਨਿਕ ਅਥਾਰਟੀ ਦੇ ਸਾਰੇ ਮੈਂਬਰਾਂ/ਬੱਚਿਆਂ ਦੇ ਮਾਪਿਆ ਨੂੰ ਸਕੂਲ ਵਿੱਚ ਸੱਦ ਕੇ ਉਹਨਾਂ ਦੀ ਮੌਜੂਦਗੀ ਵਿੱਚ ਭਾਰਤ ਦੇ ਪ੍ਰਧਾਨ-ਮੰਤਰੀ ਜੀ, ਪੰਜਾਬ ਦੇ ਮੁੱਖ ਮੰਤਰੀ ਜੀ, ਕੇਂਦਰੀ ਮਾਨਵ ਸੰਸਾਧਨ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਵੱਲੋਂ ਪ੍ਰਾਪਤ ਸੰਦੇਸ਼ ਪੜ੍ਹ ਕੇ ਸੁਣਾਏ ਜਾਣ ਤਾਂ ਜੋ ਆਮ ਜਨਤਾ ਵਿੱਚ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਸਬੰਧੀ ਜਾਗਰੁਕਤਾ ਪੈਦਾ ਕੀਤੀ ਜਾ ਸਕੇ।

ਆਪ ਨੂੰ ਇਹ ਵੀ ਦੁਬਾਰਾ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮੌਕੇ ਤੇ ਜਿਲ੍ਹਾ ਪੱਧਰ ਤੇ ਵੀ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦੇ ਅਧਿਕਾਰ ਸਬੰਧੀ ਸਮਾਗਮ ਕਰਵਾਏ ਜਾਣ ਜਿਨ੍ਹਾਂ ਵਿੱਚ ਲੇਖ/ਚਿਤਰਕਾਰੀ ਅਤੇ ਭਾਸ਼ਣ ਪ੍ਰਤਿਯੋਗਿਤਾਵਾਂ ਦਾ ਆਯੋਜਨ ਕੀਤਾ ਜਾਵੇ ਅਤੇ ਇਲਾਕੇ ਦੀਆਂ ਉਘੀਆਂ ਸ਼ਖਸੀਤਾ ਨੂੰ ਸੱਦ ਕੇ ਐਕਟ ਸਬੰਧੀ ਜਾਗਰੁਕਤਾ ਪੈਦਾ ਕੀਤੀ ਜਾਵੇ।

ਨੱਥੀ: ਉਪਰੋਕਤ ਅਨੁਸਾਰ

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**